# ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਕਾਲਜ (ਲੜਕੀਆਂ)

## ਗੁਰੂ ਕਾ ਖੂਹ,ਮੁੰਨੇ

# PROSPECT

# 2025-26




**E-mail:** gcgmunne@gmail.com
**Website:-** www.gcgmunne.com

**ਦਾਖਲਾ ਹੈਲਪ ਲਾਈਨ**

| | | |
|---|---|---|
| ਡਾ. ਪਰਮਜੀਤ ਸਿੰਘ | ਡਾ. ਪੁਸ਼ਪਾ ਦੇਵੀ | **ਪ੍ਰਿੰਸੀਪਲ** ਸ੍ਰੀ ਮਤੀ ਗੀਤਾਂਜਲੀ ਸ਼ਰਮਾ |
| 9915670099 | 9464660737 | **9653213092** |

# ਸੰਦੇਸ਼

## ਕਾਲਜ ਪ੍ਰਿੰਸੀਪਲ ਵਲੋਂ



ਪਿਆਰੇ ਵਿਦਿਆਰਥੀਓ

ਸਾਡੇ ਸਮਾਜ ਵਿੱਚ ਔਰਤ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਔਰਤ ਤੋਂ ਬਿਨਾਂ ਪਰਿਵਾਰਿਕ ਜੀਵਨ ਸੰਭਵ ਨਹੀਂ ਮੰਨਿਆ ਜਾ ਸਕਦਾ। ਇਸ ਲਈ ਇੱਕ ਸੱਭਿਅਕ ਤੇ ਜਾਗਰੂਕ ਸਮਾਜ ਦੀ ਸਿਰਜਣਾ ਲਈ ਔਰਤ ਦਾ ਸਿੱਖਿਅਤ ਹੋ ਕੇ ਸਸ਼ਕਤ ਹੋਣਾ ਬਹੁਤ ਜਰੂਰੀ ਹੈ। ਸਿੱਖਿਆ ਇੱਕ ਅਜਿਹਾ ਸੁੰਦਰ ਗਹਿਣਾ ਹੈ ਜੋ ਸਾਨੂੰ ਦੂਸਰਿਆਂ ਨਾਲੋਂ ਇੱਕ ਅਲਗ ਪਹਿਚਾਣ ਦਿੰਦਾ ਹੈ ਅਤੇ ਨਰੋਏ ਸਮਾਜ ਦੀ ਸਿਰਜਣਾ ਕਰਨ ਵਿੱਚ ਅਹਿਮ ਯੋਗਦਾਨ ਪਾਉਣ ਦੇ ਸਮਰੱਥ ਬਣਾਉਂਦਾ ਹੈ। ਸਿੱਖਿਆ ਦੇ ਇਸ ਮਹੱਤਵ ਨੂੰ ਸਮਝਦੇ ਹੋਏ ਅਤੇ ਇਲਾਕੇ ਦੇ ਸੂਝਵਾਨ ਅਤੇ ਦੂਰਦਰਸ਼ੀ ਪਤਵੰਤੇ ਸੱਜਣਾ ਦੀ ਲੜਕੀਆਂ ਦੀ ਸਿੱਖਿਆ ਪ੍ਰਤੀ ਵਿਸ਼ੇਸ਼ ਮੰਗ ਨੂੰ ਮੁੱਖ ਰੱਖਦਿਆਂ ਜੁਲਾਈ 1998 ਵਿੱਚ ਸੇਵਾ ਦੇ ਮਹਾਨ ਪੁੰਜ ਸੰਤ ਬਾਬਾ ਲਾਭ ਸਿੰਘ ਕਿਲ੍ਹਾ ਆਨੰਦਗੜ੍ਹ ਸ੍ਰੀ ਆਨੰਦਪੁਰ ਸਾਹਿਬ ਵਾਲਿਆਂ ਵੱਲੋਂ ਸੰਤ ਬਾਬਾ ਸੇਵਾ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਇਸ ਡਿਗਰੀ ਕਾਲਜ ਨੂੰ ਖੋਲਣ ਦਾ ਉਪਰਾਲਾ ਕੀਤਾ ਗਿਆ ਤਾਂ ਜੋ ਇਸ ਇਲਾਕੇ ਦੀਆਂ ਵਿਦਿਆਰਥਣਾਂ ਉਚੇਰੀ ਸਿੱਖਿਆ ਗ੍ਰਹਿਣ ਕਰਕੇ ਆਪਣੀ ਪ੍ਰਤਿਭਾ ਅਤੇ ਸਖਸ਼ੀਅਤ ਦਾ ਵਿਕਾਸ ਕਰਨ ਦੇ ਨਾਲ ਨਾਲ ਇੱਕ ਬਿਹਤਰ ਸਮਾਜ ਦੀ ਸਿਰਜਣਾ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਣ। ਦਸੰਬਰ 2016 ਤੋਂ ਸਰਕਾਰੀ ਪ੍ਰਬੰਧ ਅਧੀਨ ਚੱਲ ਰਹੇ ਇਸ ਕਾਲਜ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਬੀ.ਏ, ਬੀ.ਕਾਮ, ਬੀ.ਸੀ.ਏ, ਪੀ.ਜੀ,ਡੀ.ਸੀ.ਏ, ਐੱਮ.ਐੱਸ.ਸੀ (ਆਈ.ਟੀ)- ਰੈਗੂਲਰ ਅਤੇ ਐੱਮ.ਐੱਸ.ਸੀ (ਆਈ.ਟੀ)-ਲੇਟਰਲ ਐਂਟਰੀ ਕੋਰਸ ਉਪਲੱਬਧ ਹਨ। ਇਸ ਤੋ ਇਲਾਵਾ ਜਗਤ ਗੁਰੂ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਅਧੀਨ ਕਿੱਤਾ ਮੁਖੀ ਕੋਰਸ Certificate Course in Accounting and Taxation and Certificate course in IT Enabled Services ਵੀ ਚਲਾਏ ਜਾ ਰਹੇ ਹਨ।

ਮੈਨੂੰ ਇਸ ਗੱਲ ਦੀ ਬਹੁਤ ਪ੍ਰਸੰਨਤਾ ਹੋ ਰਹੀ ਹੈ ਕਿ ਤੁਸੀਂ ਇਲਾਕੇ ਦੀ ਲੜਕੀਆਂ ਦੀ ਸਿੱਖਿਆ ਨੂੰ ਸਮਰਪਿਤ ਇੱਕ ਸਿਰਮੌਰ ਤੇ ਅਨੂਠੀ ਸੰਸਥਾ ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਕਾਲਜ (ਲੜਕੀਆਂ) ਗੁਰੂ ਕਾ ਖੂਹ ਮੁੰਨੇ (ਰੂਪਨਗਰ) ਵਿਖੇ ਉਚੇਰੀ ਸਿੱਖਿਆ ਹਾਸਲ ਕਰਨ ਲਈ ਆਪਣਾ ਇਰਾਦਾ ਜ਼ਾਹਿਰ ਕਰ ਰਹੇ ਹੋ। ਇਸ ਸੰਸਥਾ ਵਿੱਚ ਜਿੱਥੇ ਵਿਦਆਰਥਣਾਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਲਈ ਨਿਰਧਾਰਿਤ ਸਿਲੇਬਸ ਅਨੁਸਾਰ ਪੜਾਉਂਣ ਵਾਸਤੇ ਉੱਚ ਯੋਗਤਾਂ ਪ੍ਰਾਪਤ ਮਿਹਨਤੀ ਸਟਾਫ ਹੈ ਉੱਥੇ ਉਨਾਂ ਦੇ ਮਾਨਸਿਕ, ਸਭਿਆਚਾਰ ਅਤੇ ਸਰੀਰਕ ਵਿਕਸ ਸਹਿਪਾਠੀ ਕਿਰਿਆਵਾਂ ਜਿਵੇਂ ਕਿ ਐਨ.ਐਸ.ਐਸ, ਯੁਵਕ ਸੇਵਾਵਾਂ ਰੈਡ ਰਿਬਨ ਕਲੱਬ ਅਤੇ ਖੇਡਾਂ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਸਥਿਤ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਸ ਸੰਸਥਾ ਵਿੱਚ ਹਵਾਦਾਰ, ਰੋਸ਼ਨੀ ਭਰਪੂਰ ਕਲਾਸ ਰੂਸਜ, ਵਧੀਆ ਲਾਇਬ੍ਰੇਰੀ, ਆਧੁਨਿਕ ਕੰਪਿਊਟਰ ਲੈਬਜ਼, ਅਰਾਮਦਾਇਕ ਫਰਨੀਚਰ, ਖੁੱਲ੍ਹੇ ਖੇਡ ਮੈਦਾਨ ਅਤੇ ਸਵੱਛ ਪੀਣ ਵਾਲੇ ਪਾਣੀ ਦਾ ਵੀ ਸੁੱਚਜਾ ਪ੍ਰਬੰਧ ਕੀਤਾ ਗਿਆ ਹੈ।

ਸਰਕਾਰੀ ਸੰਸਥਾ ਹੋਣ ਕਾਰਨ ਪ੍ਰਾਈਵੇਟ ਕਾਲਜਾਂ ਦੇ ਮੁਕਾਬਲੇ ਬਹੁਤ ਹੀ ਘੱਟ ਫੀਸਾ ਲਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀਆ ਹੋਰ ਪਛੜੀਆਂ ਸ੍ਰੇਣੀਆਂ, ਘੱਟ ਗਿਣਤੀਆਂ ਨਾਲ ਸਬੰਧਤ ਆਰਥਿਕ ਤੋਰ ਤੇ ਪਛੜੇ ਵਿਦਿਆਰਥੀਆਂ ਲਈ ਵੱਖ-ਵੱਖ ਸਰਕਾਰੀ ਸਕੀਮਾਂ ਅਧੀਨ ਮਿਲਣ ਵਾਲੇ ਪੋਸਟ ਮੈਟਰਿਕ ਸਕਾਲਰਸ਼ਿਪ ਅਤੇ ਹੋਰ ਸਹੂਲਤਾਂ ਵੀ ਉਪਲਭਧ ਹਨ।ਮੈਨੂੰ ਪੂਰਨ ਆਸ ਹੈ ਕਿ ਤੁਸੀਂ ਇਸ ਸੰਸਥਾ ਵਿੱਚ ਦਾਖਲਾ ਲੈ ਕੇ ਫ਼ਖ਼ਰ ਮਹਿਸੂਸ ਕਰੋਗੇ ਅਤੇ ਸਖਤ ਮਿਹਨਤ, ਸਿਰੜ ਤੇ ਬੁਲੰਦ ਹੌਸਲੇ ਨਾਲ ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵੱਡ ਮੁੱਲੀਆਂ ਪ੍ਰਾਪਤੀਆਂ ਸਦਕਾ ਇਸ ਸੰਸਥਾ ਨੂੰ ਹੋਰ ਵੀ ਮਾਣਯੋਗ ਰੁਤਬਾ ਦਿਵਾਉਂਗੇ।

ਮੈਂ ਤੁਹਾਡੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੀ ਹਾਂ।

**ਸ਼੍ਰੀ ਮਤੀ ਗੀਤਾਂਜਲੀ ਸ਼ਰਮਾ**

**ਪ੍ਰਿੰਸੀਪਲ**

# ਕਾਲਜ ਸਟਾਫ

| | |
|---|---|
| **ਪ੍ਰਿੰਸੀਪਲ** | **ਸ਼੍ਰੀਮਤੀ ਗੀਤਾਂਜਲੀ ਸ਼ਰਮਾ**<br>**ਐਮ. ਐਸ. ਸੀ. ਬੋਟਨੀ(ਆਨਰਜ਼), ਬੀ. ਐਡ ,ਐਮ.ਫਿਲ ਬੋਟਨੀ** |
| **ਰਾਜਨੀਤੀ ਸ਼ਾਸਤਰ ਵਿਭਾਗ** | ਖਾਲੀ |
| **ਇਤਿਹਾਸ ਵਿਭਾਗ** | ਸ਼੍ਰੀਮਤੀ ਡਾ. ਪੁਸ਼ਪਾ ਦੇਵੀ (ਅਸਿਸਟੈਂਟਪ੍ਰੋਫੈਸਰ)<br>ਐਮ.ਏ(ਪੋਲ ਸਾਇੰਸ, ਹਿਸਟਰੀ), ਬੀ. ਐਡ, ਐਮ. ਫਿਲ, ਪੀ. ਐਚ. ਡੀ. |
| **ਕਾਮਰਸ ਵਿਭਾਗ** | ਸ਼੍ਰੀਮਤੀ ਡਾ. ਨਿਧੀ ਬਾਲਾ (ਅਸਿਸਟੈਂਟਪ੍ਰੋਫੈਸਰ)<br>ਐਮ.ਕਾਮ,ਐਮ.ਫਿਲ, ਯੂ.ਜ਼ੀ.ਸੀ.ਨੈਟ ,ਪੀ.ਐਚ.ਡੀ. |
| **ਕੰਪਿਊਟਰ ਵਿਭਾਗ** | ਖਾਲੀ |
| **ਪੰਜਾਬੀ ਵਿਭਾਗ** | ਡਾ. ਪਰਮਜੀਤ ਸਿੰਘ<br>ਯੂ.ਜ਼ੀ.ਸੀ.ਨੈਟ ,ਐਮ. ਫਿਲ, ਪੀ. ਐਚ. ਡੀ. |
| **ਅੰਗਰੇਜੀ ਵਿਭਾਗ** | ਖਾਲੀ |
| **ਹਿੰਦੀ ਵਿਭਾਗ** | ਖਾਲੀ |
| **ਸਰੀਰਿਕ ਸਿੱਖਿਆ ਵਿਭਾਗ** | ਖਾਲੀ |
| **ਲਾਇਬਰੇਰੀ** | ਸ਼੍ਰੀਮਤੀ ਸੁਰਿੰਦਰ ਕੋਰ(ਲਾਇਬ੍ਰੇਰੀਅਨ)<br>ਐਮ.ਏ,ਐਮ.ਲਿਬ, ਐਮ.ਫਿਲ<br>ਸ਼੍ਰੀਮਤੀ ਗੁਰਜੀਤ ਕੋਰ(ਲਾਇਬ੍ਰੇਰੀ ਰੀਸਟੋਰਰ)<br>ਐਮ.ਲਿਬ, ਐਮ.ਫਿਲ |

**ਪ੍ਰਬੰਧਕੀ ਅਮਲਾ**

| | |
|---|---|
| ਮਿਸ ਰੁਪਿੰਦਰ ਕੋਰ | ਸਟੈਨੋ |
| ਸ੍ਰੀ ਅਨਿਲ ਕੁਮਾਰ | ਕਲਰਕ |
| ਸ.ਸੁਰਿੰਦਰ ਸਿੰਘ | ਚੌਕੀਦਾਰ |

**HEIS ਸੋਸਾਇਟੀ ਅਧੀਨ**

1. ਸ਼੍ਰੀਮਤੀ ਪਵਨਦੀਪ ਕੋਰ
2. ਮਿਸ ਨਿਸ਼ਾ
3. ਸ੍ਰ.ਪਰਮਜੀਤ ਸਿੰਘ
4. ਸ੍ਰੀ ਹੇਮਰਾਜ
5. ਸ੍ਰੀ. ਬਖਸ਼ੀਸ ਸਿੰਘ

# 2025-26 ਲਈ ਉਪਲਬਧ ਕੋਰਸ

## ਅੰਡਰਗਰੈਜੁਏਟ ਕੋਰਸ :

- ਬੀ.ਏ I,II,III (ਰੈਗੂਲਰ) :- 160 ਸੀਟਾਂ ਹਰੇਕ
- **BA Aesthetics and Beauty Theraphy** **50 ਸੀਟਾਂ ਹਰੇਕ**
- ਬੀ.ਕਾਮ I,II,III III (ਰੈਗੂਲਰ) :- 60 ਸੀਟਾਂ ਹਰੇਕ
- ਬੀ.ਸੀ.ਏ.I,II,III (ਸੈਲਫਫਾਇਨੈਂਸਿੰਗ ਸਕੀਮ ਅਧੀਨ) :- 40 ਸੀਟਾਂ ਹਰੇਕ

## ਪੋਸਟ ਗਰੈਜੁਏਟ/ ਪੀ.ਜੀ.ਡਿਪਲੋਮਾ ਕੋਰਸ [HEISਸੋਸਾਇਟੀਅਧੀਨ]:

- ਪੀ.ਜੀ.ਡੀ.ਸੀ.ਏ. :- 40 ਸੀਟਾਂ ਹਰੇਕ
- ਐੱਮ.ਐਸ.ਈ.ਆਈ.ਟੀ. (ਰੈਗੂਲਰ ) :- 40 ਸੀਟਾਂ ਹਰੇਕ
- ਐੱਮ.ਐਸ.ਈ.ਆਈ.ਟੀ. (ਲੇਟਰਲ ਐਂਟਰੀ):- 40 ਸੀਟਾਂ ਹਰੇਕ

## ਕਾਲਜ ਵਿੱਚ ਪੜ੍ਹਾਏ ਜਾ ਰਹੇ ਵਿਸ਼ਿਆਂ ਦੇ ਜੁਟ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀ ਹੇਠ ਲਿਖੀਆਂਹਾਲਤਾਂ ਵਿੱਚ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਪੜ੍ਹ ਸਕਦੇ ਹਨ।

(i) ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੈ

(ii) ਡਿਫੈਨਸਪਰਸਨਲ, ਪੈਰਾਮਿਲਟਰੀਪਰਸਨਲ ਦੇ ਬੱਚੇ ਵੀ ਪੰਜਾਬੀ ਲਾਜ਼ਮੀ ਮੁੱਢਲਾ ਗਿਆਨ ਦਾ ਵਿਸ਼ਾ ਪੜ੍ਹ ਸਕਦੇ ਹਨ ਜੇਕਰਵਿਦਿਆਰਥੀ ਦੇ ਪਿਤਾ ਨਹੀਂ ਤਾਂ ਮਾਤਾ ਗਾਰਡੀਅਨ ਵੀ ਐਫੀਡੈਵਿਟ ਦੇ ਸਕਦੇ ਹਨ ਕਿਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ ।

---

ਬੀ.ਏ. ਭਾਗ ਪਹਿਲਾ **Total nine subject**: Five compulsory, Three major, one minor

**Compulsory Subjects**
English Composition and Grammer
Punjabi Compulsory
Environment and Road Safety
SEC: Punjabi Bhasai Hunar Kahani Lekhan
IDC: Woman and Society
**Choose any Three**
Major History
Major Political Science
Major Hindi Sahitya
Major Punjabi Literature
Major Physical Education
Major Computer Application
**Choose any one**
Minor History, Minor Political Science, Minor Hindi Sahitya, Minor Punjabi Literature, Minor Physical Education, Minor Computer Application

**ਬੀ.ਏ. ਭਾਗ ਦੂਜਾ ਅਤੇ ਤੀਜਾ ਵਿਚ ਬੀ.ਏ. ਭਾਗ ਪਹਿਲਾ ਵਿਚ ਲਏ ਵਿਸ਼ੇ ਹੀ ਰਹਿਣਗੇ**

ਨੋਟ- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾ ਅਨੁਸਾਰ ਬੀ.ਏ ਦੇ ਦੂਜੇ ਸਮੈਸਟਰ ਵਿੱਚ 'Drug Abuse:- Problem, Management and Prevention ਅਤੇ Environment and Road Safety Awareness ਦਾ ਵਿਸ਼ਾ ਪਾਸ ਕਰਨਾ ਲਾਜ਼ਮੀ ਹੈ।

### ਕਾਮਰਸ ਵਿਭਾਗ

| Class | Semester | Subject |
|---|---|---|
| B.COM-I | 1 | 1.English Communication Skill<br>2. Punjabi Compulsory<br>3. Financila Accounting-I<br>4. Principal of Economics-I<br>5. Business Law-I<br>6. Computer Application in Business. |

| | | |
|---|---|---|
| | | 7.Business Organization<br>8.Environment and Road Safety |
| | 2 | 1. English Communication Skill<br>2.Punjabi Compulsory<br>3.Financial Accounting-II<br>4.Business Law-II<br>5.Principle of Economics-II<br>6.Management of Principal<br>7.Drug Abuse |
| B.COM-II | 3 | 1. English Communication Skill<br>2.Punjabi Compulsory<br>3.Principle of Business Management<br>4.Business Statistics<br>5.Income Tax Law-I<br>6.Corporate Accounting-I<br>7. Environment and Road Safety Awareness |
| | 4 | 1.Punjabi Compulsory<br>2.English Compulsory<br>3.Company Law<br>4.Income Tax Law-II<br>5.Corporate Accounting-II<br>6.Operations Research |
| B.COM-III | 5 | 1.Punjabi Compulsory<br>2.Management Accounting-I<br>3.Cost Accounting-I<br>4.Indirect Tax-I<br>5.Principle of Marketing<br>6.Auditing |
| | 6 | 1.Punjabi Compulsory<br>2.Management Accounting-II<br>3.Cost Accounting-II<br>4.Business Environment<br>5.International Marketing<br>6.Enterpreneurship and Governance |

## HEIS Department

| Class | Sem | Subject |
|---|---|---|
| BCA-I | 1 | 1.Fundamental of Information Technology<br>2.Programming in C<br>3.Windows and Office Automation<br>4.English<br>5.Punjabi<br>6.S/W Lab1(Office Automation)<br>7.S/W Lab 2(Programming using C) |
| | 2 | 1.Digital Electronics<br>2.Data Structure<br>3.Basic Mathematics<br>4.Drug Abuse<br>5. English<br>6.Punjabi<br>7.S/W Lab 3(Data Structure) |
| BCA-II | 3 | 1.English<br>2.Discrete Mathematics<br>3.OOPs with C++<br>4.Computer Organisation Architecture<br>5. Management Information System<br>6.Environment and Road Safety Awareness<br>7.S/W Lab 4(OOP with C++) |
| | 4 | 1.English<br>2.Punjabi |

| | | |
|---|---|---|
| | | 3.Computer Network<br>4.Math<br>5.Relational Database Management System<br>6.S/W Lab 5(Math)<br>7.S/W Lab 6(RDBMS) |
| BCA-III | 5 | 1.English<br>2.Punjabi<br>3.System Analysis Design<br>4.Java<br>5.Web Designing with ASP.Net<br>6.S/W Lab IX (JAVA Programming)<br>7. S/W Lab X(ASP.Net) |
| | 6 | 1.English<br>2.Python<br>3. Operating System<br>4.Software Engineering<br>5.S/W Lab XI (Minor Project)<br>6.S/W Lab XII(Python) |
| PGDCA | 1 | 1.IT and E-Commerce<br>2. Programming in C<br>3. Window's Operating System and Office Automation<br>4.Programming Lab I(Prog. Using C)<br>5.ProgammingLabII(Operating System And Office Automation |
| | 2 | 1.Python<br>2. Database Management System<br>3.Web Technology<br>4.Programming Lab III(Python)<br>5.Programming Lab IV(Web Technology) |
| M.Sc-IT-1 | 1 | 1. Introduction to IT and E-Commerce<br>2. Programming in C<br>3. Maths<br>4.Web Technology<br>5.Programming Lab I(based on C Language)<br>6.Programming Lab II( Using Web Technology |
| | 2 | 1.Python<br>2. Operating System<br>3. Computer Organization and Architecture<br>4. Database Management System<br>5. Programming Lab III(DBMS)<br>6.Programming Lab IV(Python) |
| M.Sc-IT-2 | 3 | 1. OOPs with C++<br>2. Data and File Structure<br>3. Computer Networks<br>4. Software Engineering<br>5. Programming Lab V (OOP with C++)<br>Programming Lab VI (Data and File Structure) |
| | 4 | 1.Computer Graphics<br>2.Algorithm Design and Analysis<br>3. Artificial Intelligence.<br>4. Minor Project<br>5. Programming Lab VII (Algo. Desi. And Analysis)<br>6. Programming Lab VIII(Comp. Graphics). |
| M.Sc.IT-LE | 1 | As Deficient paper – |

| | | |
|---|---|---|
| | | 1.Maths |
| | 2 | As Deficient paper<br>1.Visual Basic,<br>2.Relation Database Management System with Oracle<br>3.Prog. Lab -IIIrd |
| | 3 | 1.Web  Technology using HTML and DHTML<br>2. Java programming<br>3. Software Engingeering<br>4. Computer Networks |
| | 4 | 1.Computer Graphics<br>2. Linux<br>3. Management  Information System<br>4. Artifical Intelligence. |

***ਵਿਸ਼ਿਆਂ ਦੀ ਚੋਣ ਜਾਂ ਕੋਈ ਤਬਦੀਲੀ ਯੂਨੀਵਰਸਿਟੀ ਦੇ ਨਵੇਂ ਸੈਸ਼ਨ ਦੇ ਸਲੇਬਸ ਅਨੁਸਾਰ ਹੀ ਅੰਤਿਮ ਹੋਵੇਗੀ ।

ਨੋਟ: ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਬੀ.ਏ. / ਬੀ. ਕਾਮ. ਭਾਗ ਦੂਜੇ ਦੇ ਵਿਦਿਆਰਥੀਆਂ ਲਈ ਵਾਤਾਵਰਣ ਸਿਖਿਆ ਵਿਸ਼ਾ ਪੜਨਾ ਲਾਜ਼ਮੀ ਹੈ।

# ਦਾਖਲੇ ਦਾ ਪ੍ਰੋਗਰਾਮ 2025-26

ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾ ਅਨੁਸਾਰ ਦਾਖਲਾ ਮਿਤੀਆਂ ਕਾਲਜ ਦੀ ਵੈਬਸਾਇਟ ਉੱਤੇ ਅਪਡੇਟ ਕਰ ਦਿੱਤੀਆਂ ਜਾਣਗੀਆਂ।

# ਕਾਲਜ ਵਿੱਚ ਉਪਲਬੱਧ ਕੋਰਸਾਂ ਵਿੱਚ ਦਾਖਲੇ ਲਈ ਯੋਗਤਾ

## ਅੰਡਰਗਰੈਜੁਏਟ ਕੋਰਸ:

### ਬੀ.ਏ. ਭਾਗ ਪਹਿਲਾ

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਿਸੇ ਵੀ ਸਟ੍ਰੀਮ ਵਿੱਚ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ ।

**ਨੋਟ**- ਜਿੰਨਾਂ ਵਿਦਿਆਰਥੀਆਂ ਨੇ 10+2 ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ, ਬੋਰਡ ਆੱਫ ਸਕੂਲ ਐਜੁਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆੱਫ ਸਕੂਲ ਐਜੁਕੇਸ਼ਨ, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ. ਈ. ਬੋਰਡ ਤੋਂ ਪਾਸ ਕੀਤੀ ਹੈ ਉਹਨਾਂ ਨੂੰ ਛੱਡ ਕੇ ਦੂਜੇ ਰਾਜਾ ਦੇ ਸਿੱਖਿਆ ਬੋਰਡਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਦਾਖਲਾ ਲੈਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟਰੇਸ਼ਨ ਬਰਾਂਚ ਵੱਲੋਂ ਜਾਰੀ ਪਾਤਰਤਾ ਸਰਟੀਫਿਕੇਟ (Eligibilty Certificate) ਪੇਸ਼ ਕਰਨਗੇ।

### ਬੀ.ਏ. ਭਾਗ ਦੂਜਾ ਅਤੇ ਤੀਜਾ

1. ਤੀਸਰੇ ਸਮੈਸਟਰ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹੋਣਗੇਂ। ਜੇਕਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ , ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜੀ ਤੋਰ ਤੇ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50%ਪੇਪਰਾਂ ਵਿਚੋਂ ਪਾਸ ਹੋਵੇਗਾ।
2. ਪੰਜਵੇਂ ਅਤੇ ਛੇਵੇਂ ਸਮੈਸਟਰ ਵਿੱਚ ਦਾਖਲੇ ਲਈ ਉਪਰੋਕਤ ਨਿਯਮ ਲਾਗੂ ਹੋਣਗੇ।

### ਬੀ.ਕਾਮ. ਭਾਗ ਪਹਿਲਾ

1. ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਾਮਰਸ ਸਟ੍ਰੀਮ ਵਿੱਚ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਘੱਟੋ-ਘੱਟ 40% ਅੰਕਾਂ ਨਾਲ ਪਾਸ ਕੀਤਾ ਹੋਵੇ ।
2. ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਆਰਟਸ ਸਟ੍ਰੀਮ ਵਿੱਚ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਘੱਟੋ-ਘੱਟ 45% ਅੰਕਾਂ ਨਾਲ ਪਾਸ ਕੀਤਾ ਹੋਵੇ ਅਤੇ ਉਮੀਦਵਾਰ ਨੇ ਅਕਾਂਉਟਸ/ਗਣਿਤ/ਅਰਥ-ਸ਼ਾਸਤਰ/ਮੈਨੇਜਮੈਂਟ ਵਿੱਚੋ ਇੱਕ ਵਿਸ਼ਾ ਲਾਜ਼ਮੀ ਤੋਰ ਤੇ ਪਾਸ ਕੀਤਾ ਹੋਵੇ।
3. ਜਿਹੜੇ ਵਿਦਿਆਰਥੀ ਉਪਰੋਕਤ ਲੜੀ ਨੰ 1 ਅਤੇ 2 ਅਧੀਨ ਨਹੀਂ ਆਉਂਦੇ ਉਹਨ੍ਹਾਂ ਦੇ 10+2 ਵਿੱਚ ਘੱਟੋ-ਘੱਟ 50% ਅੰਕ ਹੋਏ ਲਾਜ਼ਮੀ ਹਨ।

   **ਨੋਟ**- ਜਿੰਨਾਂ ਵਿਦਿਆਰਥੀਆਂ ਨੇ 10+2 ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ, ਬੋਰਡ ਆੱਫ ਸਕੂਲ ਐਜੁਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆੱਫ ਸਕੂਲ ਐਜੁਕੇਸ਼ਨ, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ. ਈ. ਬੋਰਡ ਤੋਂ ਪਾਸ ਕੀਤੀ ਹੈ ਉਹਨਾਂ ਨੂੰ ਛੱਡ ਕੇ ਦੂਜੇ ਰਾਜਾ ਦੇ

ਸਿੱਖਿਆ ਬੋਰਡਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਦਾਖਲਾ ਲੈਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟਰੇਸ਼ਨ ਬਰਾਂਚ ਵੱਲੋਂ ਜਾਰੀ ਪਾਤਰਤਾ ਸਰਟੀਫਿਕੇਟ (Eligibilty Certificate) ਪੇਸ਼ ਕਰਨਗੇ।

## ਬੀ.ਕਾਮ. ਭਾਗ ਦੂਜਾ ਅਤੇ ਤੀਜਾ

1. ਤੀਸਰੇ ਸਮੈਸਟਰ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹੋਣਗੇਂ। ਜੇਕਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ , ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜੀ ਤੋਰ ਤੇ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50%ਪੇਪਰਾਂ ਵਿਚੋਂ ਪਾਸ ਹੋਵੇਗਾ।
2. ਪੰਜਵੇਂ ਅਤੇ ਛੇਵੇਂ ਸਮੈਸਟਰ ਵਿੱਚ ਦਾਖਲੇ ਲਈ ਉਪਰੋਕਤ ਨਿਯਮ ਲਾਗੂ ਹੋਣਗੇ।

## ਬੀ.ਸੀ. ਏ ਭਾਗ ਪਹਿਲਾ

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਿਸੇ ਵੀ ਸਟ੍ਰੀਮ ਵਿੱਚ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਪਾਸ ਕੀਤਾ ਹੋਵੇ ।

**ਨੋਟ**- ਜਿੰਨਾਂ ਵਿਦਿਆਰਥੀਆਂ ਨੇ 10+2 ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ, ਬੋਰਡ ਆੱਫ ਸਕੂਲ ਐਜੁਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆੱਫ ਸਕੂਲ ਐਜੁਕੇਸ਼ਨ, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ. ਈ. ਬੋਰਡ ਤੋਂ ਪਾਸ ਕੀਤੀ ਹੈ ਉਹਨਾਂ ਨੂੰ ਛੱਡ ਕੇ ਦੂਜੇ ਰਾਜਾ ਦੇ ਸਿੱਖਿਆ ਬੋਰਡਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਦਾਖਲਾ ਲੈਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟਰੇਸ਼ਨ ਬਰਾਂਚ ਵੱਲੋਂ ਜਾਰੀ ਪਾਤਰਤਾ ਸਰਟੀਫਿਕੇਟ (Eligibilty Certificate) ਪੇਸ਼ ਕਰਨਗੇ।

## ਬੀ.ਸੀ.ਏ ਭਾਗ ਦੂਜਾ ਅਤੇ ਤੀਜਾ

1. ਤੀਸਰੇ ਸਮੈਸਟਰ ਵਿੱਚ ਦਾਖਲੇ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹੋਣਗੇਂ। ਜੇਕਰ ਤੀਸਰੇ ਸਮੈਸਟਰ ਦੇ ਦਾਖਲੇ ਵੇਲੇ , ਦੂਸਰੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜੀ ਤੋਰ ਤੇ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਤੀਜੇ ਸਮੈਸਟਰ ਦੇ ਇਮਤਿਹਾਨ ਤਾਂ ਹੀ ਦੇ ਸਕਦਾ ਹੈ ਜੇਕਰ ਉਹ ਪਿਛਲੇ ਦੋ ਸਮੈਸਟਰ ਦੇ 50%ਪੇਪਰਾਂ ਵਿਚੋਂ ਪਾਸ ਹੋਵੇਗਾ।
2. ਪੰਜਵੇਂ ਅਤੇ ਛੇਵੇਂ ਸਮੈਸਟਰ ਵਿੱਚ ਦਾਖਲੇ ਲਈ ਉਪਰੋਕਤ ਨਿਯਮ ਲਾਗੂ ਹੋਣਗੇ।

## ਪੀ.ਜੀ.ਡੀ.ਸੀ.ਏ.(ਸਮੈਸਟਰ ਪ੍ਰਣਾਲੀ)/ਐਮ.ਐਸ.ਸੀ.(ਆਈ.ਟੀ.) ਰੈਗੂਲਰ

ਕਿਸੇ ਵੀ ਵਿਸ਼ੇ ਵਿੱਚ ਗ੍ਰੈਜੂਏਸ਼ਨ ਡਿਗਰੀ ਹੋਣੀ ਲਾਜ਼ਮੀ ਹੈ।

## ਐਮ.ਐਸ.ਸੀ (ਆਈ, ਟੀ )-ਲੇਟਰਲ ਐਂਟਰੀ

ਪੀ.ਜੀ.ਡੀ.ਸੀ.ਏ ਪਾਸ ਹੋਣਾ ਲਾਜ਼ਮੀ ਹੈ।

## ਫੀਸਾਂ

| | ਦਾਖਲਾ ਫੀਸ | ਕਾਲਜ ਫੰਡ | ਯੂਨੀਵਰ ਸਿਟੀ ਫੰਡ | ਪ੍ਰੀਖਿਆ ਫੀਸ | ਪੀ.ਟੀ.ਏ ਫੰਡ | ਕੁੱਲ ਜੋੜ |
|---|---|---|---|---|---|---|
| BA-I | 10 | 526 | 3700 | 4700 | 3200 | 12166 |
| B.COM-1 | 10 | 526 | 3700 | 4090 | 3200 | 11556 |
| B.A-II, III | 10 | 526 | 2100 | 4700 | 3200 | 10536 |
| B.COM-II,III | 10 | 526 | 2100 | 3480 | 3200 | 9316 |
| BCA-I | 1876 | 24232 | 3700 | 4700 | 1200 | 35708 |
| BCA-II,III | 938 | 24020 | 2100 | 4700 | 1200 | 32958 |
| PGDCA | 1380 | 14474 | 2100 | 6240 | 1200 | 25394 |
| M.SC-IT-I | 2070 | 25656 | 2100 | 4700 | 1200 | 35726 |
| M.SC-IT-II | 2070 | 25656 | 2100 | 4700 | 1200 | 35726 |

| | | | | | | |
|---|---|---|---|---|---|---|
| M.SC-IT-I-LE | 2070 | 25656 | 2100 | 8560 | 1200 | 39586 |

**ਨੋਟ: ਫੀਸਾਂ ਵਿਚ ਬਦਲਾਅ ਕਿਸੇ ਵੀ ਟਾਈਮ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਵਲੋਂ ਕੀਤਾ ਜਾ ਸਕਦਾ ਹੈ।**

# ਦਾਖ਼ਲਾ ਨਿਯਮ

1. ਹਰ ਇੱਕ ਸ਼੍ਰੇਣੀ ਵਿਚ ਦਾਖ਼ਲਾ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਮੈਰਿਟਦੇ ਆਧਾਰ ਤੇ ਹੀ ਦਿੱਤਾ ਜਾਵੇਗਾ।
2. ਦਾਖ਼ਲੇ ਲਈ ਅਰਜ਼ੀਆਂ ਲੈਣ ਦੀ ਆਖਰੀ ਮਿਤੀ ਹਰੇਕ ਕਲਾਸ ਲਈ ਨਿਰਧਾਰਤ ਹੈ ਅਤੇ ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।
3. ਦਾਖ਼ਲਾ ਲੈਣ ਸਮੇਂ ਅਸਲ(Original)ਸਰਟੀਫਿਕੇਟ ਵਿਖਾਉਣ ਲਈ ਨਾਲ ਲੈ ਕੇ ਆਉਣੇ ਜ਼ਰੂਰੀ ਹਨ।
4. ਦਾਖ਼ਲਾ ਫਾਰਮ ਦੇ ਨਾਲ ਹੇਠਾਂ ਲਿਖੇ ਦਸਤਾਵੇਜ਼ ਨੱਥੀ ਹੋਣੇ ਚਾਹੀਦੇ ਹਨ।

   ੳ) ਮੈਟ੍ਰਿਕ ਅਤੇ ਉਸ ਤੋਂ ਬਾਅਦ ਪਾਸ ਕੀਤੀਆਂ ਸਾਰੀਆਂ ਪ੍ਰੀਖਿਆਵਾਂ ਦੇ ਤਸਦੀਕ ਸ਼ੁਦਾ ਸਰਟੀਫਿਕੇਟ ਦੀਆਂ ਕਾਪੀਆਂ।

   ਅ) ਪਿਛਲੇ ਅਦਾਰੇ (Institution last attended) ਦੇ ਮੁਖੀ ਤੋ ਚੰਗੇ ਆਚਰਣ ਦਾ ਪ੍ਰਮਾਣ ਪੱਤਰ।

   ੲ) ਪਾਸਪੋਰਟ ਸਾਈਜ਼ ਦੀਆਂ ਤਿੰਨ ਤਾਜ਼ਾ ਤਸਵੀਰਾਂ (ਲੋੜ ਅਨੁਸਾਰ ਬੱਸ ਪਾਸ ਲਈ ਤਿੰਨ)

   ਸ) ਪ੍ਰਾਈਵੇਟ ਤੌਰ ਤੇ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਆਪਣੇ ਸਰਪੰਚ ਜਾਂ ਮਿਉਂਸੀਪਲ ਕਾਉਂਸਲਰ ਤੋਂ ਤਸਦੀਕ ਸ਼ੁਦਾ ਆਚਰਣ ਦਾ ਪ੍ਰਮਾਣ ਪੱਤਰ ਪੇਸ਼ ਕਰਨਗੇ।

   ਹ) ਦੋ ਲਿਫ਼ਾਫ਼ੇ(Self Addressed Stamped) ਪੰਜ ਰੁਪਏ ਦੀ ਟਿਕਟ ਲੱਗੇ।

   ਕ) ਬਲੱਡ ਗਰੁੱਪ ਸੰਬੰਧੀ ਸਰਟੀਫਿਕੇਟ ਲੈਬ, ਡਾਕਟਰ ਪਾਸੋ ਜਾਰੀ ਕਰਵਾ ਕੇ ਨੱਥੀ ਕਰਨਾ ਜ਼ਰੂਰੀ ਹੈ।
5. ਦਾਖਲਾ ਮਿਲਣ ਤੇ ਫੀਸ ਦੀ ਰਕਮ ਮੌਕੇ ਤੇ ਜਮ੍ਹਾ ਕਰਵਾਉਣੀ ਪਵੇਗੀ ਨਹੀਂ ਤਾਂ ਉਹ ਸੀਟ ਅਗਲੇ ਉਮੀਦਵਾਰ ਨੂੰ ਦਿੱਤੀ ਜਾਵੇਗੀ ਅਤੇ ਉਮੀਦਵਾਰ ਦੇ ਦਾਖਲੇ ਦਾ ਹੱਕ ਰੱਦ ਹੋ ਜਾਵੇਗਾ।
6. ਉਮਰ ਤੇਮੈਰਿਟ ਨੂੰ ਧਿਆਨ ਵਿਚ ਰੱਖਿਆ ਜਾਵੇਗਾ।
7. ਯੂਨੀਵਰਸਿਟੀ ਜਾਂ ਬੋਰਡ ਵਲੋਂ ਲੇਟ ਨਤੀਜੇ ਨਿਕਲਣ ਦੀ ਸੂਰਤ ਵਿੱਚ ਉਮੀਦਵਾਰ ਬਿਨ੍ਹਾਂ ਕਿਸੇ ਲੇਟ ਫੀਸ ਤੇ ਨਤੀਜੇ ਨਿਕਲਣ ਤੋਂ 10 ਦਿਨਾਂ ਦੇ ਅੰਦਰ ਦਾਖਲਾ ਲੈ ਸਕਦੇ ਹਨ, ਦਿਨਾਂ ਦੀ ਗਿਣਤੀ ਨਤੀਜਾ ਕਾਰਡ ਉਤੇ ਦਿੱਤੀ ਮਿਤੀ ਤੋਂ ਕੀਤੀ ਜਾਵੇਗੀ।ਇਹ ਪੁਨਰ ਮੁਲਾਂਕਣ ਤੇ ਵੀ ਲਾਗੂ ਹੋਵੇਗੀ (ਇਸ ਲਈ ਆਖਰੀ ਪੰਨਾ ਵੇਖੋ ਜੀ)
8. ਅਨੁਸੂਚਿਤ ਜਾਤੀ ਜਾਂ ਪੱਛੜੀ ਜਾਤੀ ਦੇ ਉਮੀਦਵਾਰ ਦਾਖਲਾ ਫਾਰਮ ਦੇ ਨਾਲ ਐਸ.ਡੀ.ਐਮ.(ਸਿਵਲ) ਤੋਂ ਪ੍ਰਾਪਤ ਜਾਤੀ ਦਾਸਰਟੀਫਿਕੇਟ ਨੱਥੀ ਕਰਨਗੇ।
9. ਕਿਸੇ ਜਮਾਤ ਵਿਚਫ਼ੇਲ੍ਹਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ|
10. ਪੰਜਾਬ ਤੋਂ ਬਾਹਰ ਦੇ ਕਿਸੇ ਹੋਰ ਯੂਨੀਵਰਸਿਟੀ ਜਾਂ ਬੋਰਡ ਤੋਂ ਆਓਣ ਵਾਲੇ ਵਿਦਿਆਰਥੀਆਂ ਲਈ ਦਾਖ਼ਲਾ ਲੈਣ ਸਮੇਂ ਨਿਮਨ ਦਰਜ ਦਸਤਾਵੇਜ ਪੇਸ਼ ਕਰਨੇ ਜਰੂਰੀ ਹਨ:

    ੳ) ਸੰਬੰਧਿਤ ਬੋਰਡ ਜਾਂ ਯੂਨੀਵਰਸਿਟੀ ਤੋਂ ਪ੍ਰਾਪਤ ਮਾਈਗਰੇਸ਼ਨ ਸਰਟੀਫਿਕੇਟ।

    ਆ) ਮੌਲਿਕ ਬਿਉਰੇਵਾਰ ਅੰਕ (ਡਿਟੇਲ ਮਾਰਕਸ) ਸਰਟੀਫਿਕੇਟ।

11. ਗੈਪ ਤੇ ਫੇਲ੍ਹ ਵਿਦਿਆਰਥੀਆਂ ਨੂੰ ਦਾਖਲਾ ਯੂਨੀਵਰਸਿਟੀ ਨਿਯਮ ਅਨੁਸਾਰ ਦਿੱਤਾ ਜਾਵੇਗਾ। ਸਾਰੇ ਦਾਖਲੇ ਆਰਜ਼ੀ ਰੂਪ ਵਿੱਚ ਯੂਨੀਵਰਸਿਟੀ ਵਲੋਂ ਅੰਤਿਮ ਪ੍ਰਵਾਨਗੀ ਤੇ ਹੀ ਹੋਣਗੇ।
12. ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੀ ਪ੍ਰਵਾਨਗੀ ਨਹੀਂ ਭੇਜਦੀ ਤਾਂ ਭਾਵੇ ਪ੍ਰਵਾਨਗੀ ਨਾ ਮਿਲਣ ਦਾ ਕਾਰਨਕੋਈ ਵੀ ਹੋਵੇ, ਇਸ ਕਾਲਜ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।ਉਦਾਹਰਣ ਵਜੋ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਅਧੂਰੀਜਾਣਕਾਰੀ/ਜ਼ਰੂਰੀ ਤੱਥਾਂ/ਅਧੂਰੇ/ਝੂੱਠੇਸਰਟੀਫਿਕੇਟ/ਸੰਨ ਜਾਂ ਗਲਤ ਵਿਸ਼ਾ ਚੋਣ ਆਦਿ ਕੁਝ ਵੀ ਹੋ ਸਕਦਾ ਹੈ।
13. ਮਾਪਿਆਂ/ਸਰਪ੍ਰਸਤ/ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਾਤਰਤਾ ਬਾਰੇ ਪਹਿਲਾਂ ਹੀ ਦਫਤਰ ਤੋਂ ਪੁੱਛ-ਗਿੱਛ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜ਼ੋ ਬਾਅਦ ਵਿੱਚ ਨਕਾਰਣ ਅਤੇ ਦਿੱਕਤਾਂ ਤੋਂ ਬਚਿਆ ਜਾ ਸਕੇ।
14. ਝੂਠੇ ਹਲਫ਼ੀਆ ਬਿਆਨ ਦੇ ਅਧਾਰ ਤੇ ਲਿਆ ਗਿਆ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

15. ਸੰਬੰਧਿਤ ਜਮਾਤ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ ਸਾਰੇ ਨਿਯਮਾਂ, ਸ਼ਰਤਾਂ ਨੂੰ ਪੂਰਾਕਰਨ ਦੀ ਮੁਕੰਮਲ ਜ਼ਿੰਮੇਵਾਰੀ ਵਿਦਿਆਰਥੀਆਂ ਦੀ ਆਪਣੀ ਹੋਵੇਗੀ, ਇੱਥੇ ਇਹ ਪੂਰੀ ਤਰ੍ਹਾ ਸਪੱਸ਼ਟ ਕਰ ਦਿੱਤਾ ਜਾਂਦਾ ਹੈ,ਕਿ ਵਿਦਿਅਕ ਸਾਲ ਦੌਰਾਨ ਕਿਸੇ ਵੀ ਯੂਨੀਵਰਸਿਟੀ ਵਲੋਂ ਦਾਖਲੇ ਦੀ ਪ੍ਰਵਾਨਗੀ ਨਾ ਮਿਲਣ ਤੇਦਾਖਲਾ ਰੱਦ ਕਰ ਦਿੱਤਾਜਾਵੇਗਾ।

16. ਨੋਟਿਸ ਬੋਰਡ ਤੇ ਲੱਗੀਆਂ ਸੂਚਨਾਵਾਂ ਪੜ੍ਹਨ ਤੇ ਉਹਨਾਂ ਦੀ ਪਾਲਣਾ ਕਰਨ ਦੀ ਜਿੰਮੇਵਾਰੀ ਵਿਦਿਆਰਥੀਆਂ ਦੀਹੋਵੇਗੀ ।

**ਪੁਨਰ ਮੁਲਾਂਕਨ ਦੇ ਨਤੀਜੇ ਦੇ ਆਧਾਰ ਤੇ ਅਗਲੀ ਕਲਾਸ ਲਈ ਦਾਖਲੇ ਦੇ ਪਾਤਰ ਵਿਦਿਆਰਥੀ ਦੇ ਲੇਟ ਦਾਖਲੇ ਸੰਬੰਧੀ ਸੂਚਨਾ:**

ਕੇਵਲ ਸਲਾਨਾ ਪ੍ਰੀਖਿਆਵਾਂ ਦੇ ਪੁਨਰ ਮੁਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਜਮਾਤ ਵਿਚ ਦਾਖਲੇ ਦੇ ਪਾਤਰਵਿਦਿਆਰਥੀ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਦੇ 10 ਦਿਨ ਦੇ ਅੰਦਰ ਬਿਨਾਂ ਲੇਟ ਫੀਸ ਤੋਂ ਦਾਖਲਾ ਮਿਲ ਸਕਦਾ ਹੈ।ਜੇਕਰ ਉਸ ਕਲਾਸ ਵਿੱਚ ਸੀਟ ਉਪਲਬਧ ਹੈ ਅਜਿਹੇ ਵਿਦਿਆਰਥੀ ਦੇ ਲੈਕਚਰ ਦਾਖਲੇ ਦੀ ਮਿਤੀ ਤੋਂ ਯੂਨੀਵਰਸਿਟੀਨਿਯਮਾਂ ਮੁਤਾਬਿਕ ਗਿਣੇ ਜਾਣਗੇ।

# ਰਾਖਵੀਆਂ ਸੀਟਾਂ ਦਾ ਵੇਰਵਾ

ਪੰਜਾਬ ਸਰਕਾਰ ਦੇ ਆਦੇਸ਼ਾ ਤੇ ਨਿਯਮਾਂ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ।

| | | |
|---|---|---|
| 1. | ਅਨੁਸੂਚਿਤ ਜਾਤੀਆਂ/ਜਨਜਾਤੀ | 25% |
| 2. | ਪਛੜੀਆਂ ਸ੍ਰੇਣੀਆਂ/ਓ.ਬੀ.ਸੀ | 10% |
| 3. | ਬਾਰਡਰ ਏਰੀਆ/ਪਛੜਿਆ ਇਲਾਕਾ | 4%(2%) |
| 4. | ਖਿਡਾਰੀ | 2% |
| 5. | ਸੁਤੰਤਰਤਾ ਸੰਗਰਾਮੀ, ਰਾਜਨੀਤਿਕ ਪੀੜਤ | 2% |
| 6. | ਅਪੰਗ ਵਿਅਕਤੀ (ਅੰਨੇ 1%, ਗੂੰਗੇ 1%, ਦੂਸਰੇ ਅਪੰਗ 1%) | 3% |
| 7. | ਫੌਜੀਆਂ ਦੇ ਬੱਚੇ/ਵਿਧਵਾਵਾਂ | 2% |
| 8. | ਨੀਮ ਫੋਜੀਆਂ ਦੇ ਬੱਚੇ/ਵਿਧਵਾਵਾਂ | 2% |
| 9. | ਦੰਗਾ ਪੀੜਤ | 2% |
| 10. | ਵਿਧਵਾ, ਤਲਾਕ ਸੁਦਾ ਔਰਤਾਂ | 2% |

# ਕਾਲਜ ਵਿਖੇ ਸਹਿਯੋਗੀ ਸੰਸਥਾਵਾਂ

**ਪੀ.ਟੀ.ਏ**

**ਐਚ.ਈ.ਆਈ.ਐਸ**

# ਸਹਿ-ਵਿਦਿਅਕ ਗਤੀਵਿਧੀਆਂ

**ਯੂਥ ਫੈਸਟੀਵਲ**

**ਐਨ.ਐਸ.ਐਸ**

**ਸਰਕਾਰੀ ਵਜ਼ੀਫਿਆਂ ਸੰਬੰਧੀ ਸੂਚਨਾ**

ਪੰਜਾਬ ਸਰਕਾਰ/ਭਾਰਤ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫਿਆ ਅਤੇ ਐਜੂਕੇਸ਼ਨਲੋਨ ਸੰਬੰਧੀ ਜਾਣਕਾਰੀ

| ਵਜੀਫ਼ੇ ਦਾ ਨਾਂ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਵੈਬ-ਸਾਇਟ | ਵਜੀਫ਼ਾ ਪ੍ਰਾਪਤ ਕਰਨ ਸਬੰਧੀ ਯੋਗਤਾ | ਵਜੀਫਾ ਪ੍ਰਾਪਤ ਕਰਨ ਲਈ ਸ਼ਰਤਾ | ਆਮਦਨ ਸੀਮਾ | ਵਿਦਿਆਰਥੀ ਵਲੋਂ ਫਾਰਮ ਭਰਨ ਦੀ ਆਖਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ਼ |
|---|---|---|---|---|---|

| | | | | | |
|---|---|---|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐੱਸ.ਸੀ/ਐੱਸ.ਟੀ ਵੈਬਸਾਈਟ: http://www.scholarships.punjab.gov.in/ | ਅਨੁਸੂਚਿਤ ਜਾਤੀ / ਅਨੁਸੂਚਿਤ ਕਬੀਲੇ ਦਾ ਵਿਦਿਆਰਥੀ ਜਿਹੜਾ ਪੰਜਾਬ ਦਾ ਪੱਕਾ ਵਸਨੀਕ ਹੋਵੇ ਅਤੇ ਕੋਈ ਵੀ ਹੋਰ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ। | ਵਿਦਿਆਰਥੀ ਦੀਆਂ ਕਲਾਸਾਂ ਵਿਚ 75% ਹਾਜ਼ਰੀਆਂ ਹੋਣੀਆਂ ਚਾਹੀਦੀਆਂ ਹਨ\| | ਸਾਲਾਨਾ ਆਮਦਨ ਰੁਪਏ 2,50,000 (ਢਾਈ ਲੱਖ)ਤੋਂ ਵੱਧ ਨਾ ਹੋਵੇ | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1.ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਦਾ ਸਰਟੀਫਿਕੇਟ<br>2.ਆਮਦਨ ਸਰਟੀਫਿਕੇਟ (ਤਹਿਸੀਲਦਾਰ ਦੁਆਰਾ ਸਾਇਨ ਕੀਤਾ ਹੋਇਆ)<br>3.ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ\|<br>4.ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ<br>5.ਆਧਾਰ ਕਾਰਡ (ਵਿਦਿਆਰਥੀ ਦਾ, ਮਾਤਾ ਦਾ ਅਤੇ ਪਿਤਾ ਦਾ)<br>6.ਆਧਾਰ ਲਿੰਕਡ ਬੈਂਕ ਖਾਤੇ ਦੀ ਕਾਪੀ |
| ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਵੈਬਸਾਈਟ: http://www.scholarships.punjab.gov.in/ | ਓ.ਬੀ.ਸੀ ਦਾ ਵਿਦਿਆਰਥੀ ਜਿਹੜਾ ਪੰਜਾਬ ਦਾ ਪੱਕਾ ਵਸਨੀਕ ਹੋਵੇ ਅਤੇ ਕੋਈ ਵੀ ਹੋਰ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ। | ਵਿਦਿਆਰਥੀ ਦੀਆਂ ਕਲਾਸਾਂ ਵਿਚ 75% ਹਾਜ਼ਰੀਆਂ ਹੋਣੀਆਂ ਚਾਹੀਦੀਆਂ ਹਨ\| | ਸਲਾਨਾ ਆਮਦਨ ਰੁਪਏ 1,00,000 (ਇੱਕ ਲੱਖ ਤੋਂ ਵੱਧ ਨਾ ਹੋਵੇ।) | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1.ਪਛੜੀ ਸ਼੍ਰੇਣੀ ਦਾ ਸਰਟੀਫਿਕੇਟ,<br>2.ਉਕਤ ਸਾਰੇ ਸਰਟੀਫਿਕੇਟ |
| Central Scholarship for students with Disabilities ਵੈਬਸਾਈਟ: http://www.scholarships.punjab.gov.in/ | ਦਿਵਿਯਾਂਗ ਵਿਦਿਆਰਥੀ ਜਿਸ ਦੀ Disability 40% ਜਾਂ ਇਸ ਤੋਂ ਵੱਧ ਹੋਵੇ ਅਤੇ ਹੋਰ ਕੋਈ ਵਜੀਫਾ ਨਹੀਂ ਲੈ ਰਿਹਾ ਹੋਵੇ। | ਵਿਦਿਆਰਥੀ ਦੀਆਂ ਕਲਾਸਾਂ ਵਿਚ 75% ਹਾਜ਼ਰੀਆਂ ਹੋਣੀਆਂ ਚਾਹੀਦੀਆਂ ਹਨ\| | ਸਲਾਨਾ ਆਮਦਨ ਰੁਪਏ 2,50,000(ਢਾਈ ਲੱਖ) ਤੋਂ ਵੱਧ ਨਾ ਹੋਵੇ। | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1.ਦਿਵਿਯਾਂਗ ਸਰਟੀਫਿਕੇਟ 40% ਤੋਂ ਉਪਰ ਦਾ<br>2.ਆਧਾਰ ਕਾਰਡ<br>3.ਆਧਾਰ ਲਿੰਕਡ ਬੈਂਕ ਖਾਤੇ ਦੀ ਕਾਪੀ<br>4.ਆਮਦਨ ਸਰਟੀਫਿਕੇਟ |
| Central Scholarship for students from Minorities ਵੈਬਸਾਈਟ: http://www.scholarships.punjab.gov.in/ | ਘੱਟ ਗਿਣਤੀਆਂ (Minority communities) ਜਿਵੇਂ ਕਿ ਮੁਸਲਿਮ, ਸਿੱਖ, ਬੁੱਧ ਅਤੇ ਪਾਰਸੀ ਧਰਮ ਨਾਲ ਸਬੰਧਿਤ ਵਿਦਿਆਰਥੀ ਜਿਹੜਾ ਪੰਜਾਬ ਦਾ ਪੱਕਾ ਵਸਨੀਕ ਹੋਵੇ ਅਤੇ ਕੋਈ ਵੀ ਹੋਰ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ। | ਵਿਦਿਆਰਥੀ ਨੇ ਪਿਛਲੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹੋਣ ਅਤੇ ਵਿਦਿਆਰਥੀ ਦੀਆਂ ਕਲਾਸਾਂ ਵਿਚ 75% ਹਾਜ਼ਰੀਆਂ ਹੋਣੀਆਂ ਚਾਹੀਦੀਆਂ ਹਨ। | ਸਲਾਨਾ ਆਮਦਨ ਰੁਪਏ 2,00,000(ਦੋ ਲੱਖ) ਤੋਂ ਵੱਧ ਨਾ ਹੋਵੇ। | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1.ਆਧਾਰ ਕਾਰਡ<br>2.ਆਧਾਰ ਲਿੰਕਡ ਬੈਂਕ ਖਾਤੇ ਦੀ ਕਾਪੀ<br>3.ਆਮਦਨ ਸਰਟੀਫਿਕੇਟ |
| **Centeral Scheme for College and University Students** | Meritorious Students New(ਕੇਵਲ | 1.Renewal(ਭਾਗ ਦੂਜਾ ਅਤੇ ਤੀਜਾ | ਸਲਾਨਾ ਆਮਦਨ ਰੁਪਏ 8,00,000 | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1.ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ |

| | | | | | |
|---|---|---|---|---|---|
| ਵੈਬਸਾਈਟ: http://www.scholarships.punjab.gov.in/ | ਐਂਟਰੀ ਕਲਾਸਾ ਲਈ) ਜਿਨ੍ਹਾਂ ਦੇ 10+2 ਵਿੱਚ 80% ਤੋਂ ਵੱਧ ਅੰਕ ਹੋਣ | ਕੋਰਸਾਂ) ਲਈ ਪਿਛਲੀ ਕਲਾਸ ਵਿੱਚੋ 60% ਅੰਕ ਹੋਣ ਅਤੇ ਪਿਛਲੇ ਸਾਲ ਵੀ ਅਪਲਾਈ ਕੀਤਾ ਹੋਵੇ। 2.ਕਲਾਸ ਵਿੱਚ 75% ਹਾਜ਼ਰੀ। 3.ਹੋਰ ਕੀਸੇ ਵਜੀਫੇ ਲਈ ਅਪਲਾਈ ਨਾ ਕੀਤਾ ਹੋਵੇ। | (ਅੱਠ ਲੱਖ) ਤੋਂ ਵੱਧ ਨਾ ਹੋਵੇ। | | 2. ਆਮਦਨ ਸਰਟੀਫਿਕੇਟ (ਤਹਿਸੀਲਦਾਰ ਦੁਆਰਾ ਸਾਇਨ ਕੀਤਾ ਹੋਇਆ) 3.ਰਿਹਾਇਸ਼ੀ ਸਰਟੀਫਿਕੇਟ 4.ਆਧਾਰ ਕਾਰਡ 5. ਆਧਾਰ ਲਿੰਕਡ ਬੈਂਕ ਖਾਤੇ ਦੀ ਕਾਪੀ |

## ਵਜੀਫਾ ਪ੍ਰਾਪਤ ਕਰਨ ਲਈ ਲੋੜੀਂਦੇ ਦਸਤਾਵੇਜਾ ਦੀ ਸੂਚੀ

ਸਵੈ-ਰੁਜ਼ਗਾਰ ਕਰਨ ਵਾਲੇ ਮਾਤਾ-ਪਿਤਾ ਵਸੀਲਿਆਂ ਤੋਂ ਆਪਦੀ ਆਮਦਨ ਦੀ ਘੋਸ਼ਣਾ ਸੰਬੰਧੀ ਸਰਟੀਫਿਕੇਟਜੁਡੀਸ਼ਿਅਲ ਸਟੈਂਪ ਪੇਪਰ ਤੇ ਦੇਣਗੇ। ਜਦੋਂ ਕਿ ਨੌਕਰੀ ਪੇਸ਼ਾ ਮਾਤਾ ਪਿਤਾ ਆਪਣੀ ਆਮਦਨ ਸੰਬੰਧੀ ਸਰਟੀਫਿਕੇਟ ਆਪਣੇ ਨੌਕਰੀ ਵਾਲੇ ਸਥਾਨ ਤੋਂ ਪ੍ਰਾਪਤ ਕਰਨਗੇ ਅਤੇ ਕਿਸੇ ਵਾਧੂ ਆਮਦਨ ਸੰਬੰਧੀ ਸਰਟੀਫਿਕੇਟ ਨਾਲ ਜੁਡੀਸ਼ੀਅਲਸਟੈਂਪਤੇ ਦੇਣਗੇ।

- ਜਿਹੜੇ ਵਿਦਿਆਰਥੀਆਂ ਨੇ ਪਿਛਲੇ ਵਿੱਤੀ ਸਾਲ ਦੌਰਾਨ ਵਜ਼ੀਫੇ ਲਈ ਅਪਲਾਈ ਕੀਤਾ ਹੈ ਅਤੇ ਵਜ਼ੀਫਾ ਪ੍ਰਾਪਤ ਕੀਤਾ ਹੈ, ਉਨ੍ਹਾ ਦਾ ਬੈਂਕ ਦਾ ਖਾਤਾ ਨੰ. IFSC CODE. ਉਹੀ(ਯੂਨੀਕ) ਹੋਣਾ ਚਾਹੀਦਾ ਹੈ।
- ਸਹੀ ਮੋਬਾਈਲ ਨੰ., ਸਹੀ ਈਮੇਲਐਡਰਸ ਹੋਣਾ ਚਾਹੀਦਾ ਹੈ।
- ਵਜੀਫ਼ਾਕਲੇਮ ਮਿਥੀ ਮਿਤੀ ਤੋਂ ਬਾਅਦ ਸਵੀਕਰ ਨਹੀਂ ਕੀਤਾ ਜਾਵੇਗਾ। ਇਹ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
- ਵਜੀਫੇ ਦੀ ਜਾਣਕਾਰੀ ਲਈ ਵਜੀਫ਼ਾ ਕਮੇਟੀ ਨੂੰ ਮਿਲੋ (ਇੰਚਾਰਜਵਜੀਫ਼ੇ–ਡਾ. ਪੁਸ਼ਪਾਦੇਵੀ(ਕਨਵੀਨਰ),ਪ੍ਰੋ.ਹਰਪ੍ਰੀਤ ਕੌਰ , ਪ੍ਰੋ.ਮਨਦੀਪ ਕੌਰ, ਪਰਮਜੀਤ ਸਿੰਘ (ਐੱਸ. ਐੱਲ. ਏ .)।

# ਰੋਲ ਆਫ਼ਆਨਰ, ਕਾਲਜ ਕਲਰ ਅਤੇ ਸਨਮਾਨ

## ਰੋਲ ਆਫ਼ਆਨਰ / (ਅਕਾਦਮਿਕ)

1. ਇਸ ਦੇ ਉਹ ਹੀ ਵਿਦਿਆਰਥੀ ਹੱਕਦਾਰ ਹੋਣਗੇ, ਜਿਹੜੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚ ਮੈਰਿਟ ਲਿਸਟ ਵਿਚ 10ਵੇਂ ਸਥਾਨ ਤੱਕ ਰਹਿਣਗੇ ਜਾਂ 75% ਅੰਕ ਪ੍ਰਾਪਤ ਕਰਨਗੇ। ਇਹ ਨਿਯਮ ਕੋਰਸਾਂ ਤੇ ਵੀ ਲਾਗੂ ਹੋਵੇਗਾ।
2. ਬੀ.ਏ, ਬੀ.ਕਾਮ (3 ਸਾਲਾ ਡਿਗਰੀ ਕੋਰਸ), ਪੀ.ਜੀ.ਡੀ.ਸੀ.ਏ.,ਬੀ.ਸੀ.ਏ.ਅਤੇ ਐਮ.ਐਸ.ਸੀ., ਆਈ.ਟੀ., ਦੇ ਇਮਤਿਹਾਨਾਂ ਦੇ ਅੰਤਿਮ ਨਤੀਜੇ ਦੀ ਮੈਰਿਟ ਦੇ ਆਧਾਰ ਤੇ ਰੋਲਆਫ਼ਆਨਰ ਦਿੱਤੇ ਜਾਣਗੇ।

## ਘਰੇਲੂ ਪ੍ਰੀਖਿਆਵਾਂ ਦੇ ਆਧਾਰ ਦੇ ਅਕਾਦਮਿਕ ਇਨਾਮ ਲੈਣ ਲਈ ਸ਼ਰਤਾਂ

1. ਜੇ ਕਿਸੇ ਜਮਾਤ ਜਾਂ ਵਿਸ਼ੇ ਵਿਚ ਇਨਾਮ ਬਣਦਾ ਹੈ ਤਾਂ ਇਨਾਮ ਲੈਣ ਲਈ ਵਿਦਿਆਰਥੀ ਦਾ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਲਾਜ਼ਮੀ ਹੈ ਅਤੇ ਸੰਬੰਧਿਤ ਵਿਸ਼ੇ ਵਿੱਚ 60% ਅੰਕ ਹੋਣੇ ਲਾਜ਼ਮੀ ਹਨ।
2. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀਆਂਦੀ ਗਿਣਤੀ 15 ਹੋਵੇ ਤਾਂ ਇਕ ਹੀ ਪਹਿਲਾ ਇਨਾਮ ਦਿੱਤਾ ਜਾਵੇਗਾ।
3. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 50 ਤੱਕ ਹੋਵੇ ਤਾ ਪਹਿਲਾ, ਦੂਜਾਇਨਾਮ ਦਿੱਤੇ ਜਾਣਗੇ।
4. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 50 ਤੋਂ ਵੱਧ ਹੋਵੇ ਤਾਂ ਪਹਿਲਾ, ਦੂਜਾਇਨਾਮ ਦਿੱਤੇ ਜਾਣਗੇ।
5. ਕਿਸੇ ਵੀ ਜਮਾਤ ਵਿੱਚ ਕੁੱਲਨੰਬਰਾਂ ਦੇ ਆਧਰ ਤੇ ਇਨਾਮ ਲੈਣ ਲਈ ਉਪਰ ਵਾਲੀਆਂ ਸ਼ਰਤਾ ਹੋਣਗੀਆਂ।
6. ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਹਰ ਜਮਾਤ ਵਿੱਚ ਕਾਲਜ ਪੱਧਰ ਤੇ ਫਸਟ, ਸੈਕਿੰਡ ਅਤੇ ਥਰਡ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ।
7. ਜੇ ਕਿਸੇ ਜਮਾਤ ਜਾਂ ਵਿਸ਼ੇ ਵਿੱਚ ਕਿਸੇ ਵਿਦਿਆਰਥੀ ਦਾ ਪਹਿਲਾ ਇਨਾਮ ਬਣਦਾ ਹੈਪਰ ਉਹ ਕਿਸੇ ਵਿਸ਼ੇ ਵਿੱਚ ਫੇਲ੍ਹ ਹੋਣ ਕਾਰਨ ਅਯੋਗ ਹੋ ਜਾਂਦਾ ਹੈ ਤਾਂ ਉਸ ਹਾਲਤ ਵਿੱਚ ਪਹਿਲਾ ਇਨਾਮ ਅਗਲੇ ਵਿਦਿਆਰਥੀ ਨੂੰ ਨਹੀਂ ਦਿੱਤਾ ਜਾਵੇਗਾ ਅਤੇ ਉਹ ਇਨਾਮ ਖਤਮ ਹੋ ਜਾਵੇਗਾ।ਇਸਦਾ ਮਤਲਬ ਇਹ ਹੈ ਕਿ ਇੱਕ ਵਿਦਿਆਰਥੀ ਦਾ ਇਨਾਮ ਦੂਜੇ ਵਿਦਿਆਰਥੀ ਨੂੰ ਟ੍ਰਾਂਸਫਰ ਨਹੀਂ ਕੀਤਾ ਜਾਵੇਗਾ। ਇਹ ਹੀ ਸ਼ਰਤ ਦੂਜੇ ਅਤੇ ਤੀਜੇ ਇਨਾਮ ਵਾਸਤੇ ਲਾਗੂ ਹੋਵੇਗੀ।

8. ਜੇ ਕਿਸੇ ਇੱਕ ਜਮਾਤ ਵਿੱਚ ਇੱਕ ਤੋਂ ਵੱਧ ਵਿਦਿਆਰਥੀ ਦੇ,ਜੋ ਜਮਾਤ ਚੋਂ ਪਹਿਲੇ,ਦੂਜੇ ਜਾਂ ਤੀਜੇ ਸਥਾਨ ਤੇ ਆਉਂਦੇਂ ਹੋਣ, ਇਕੋ ਜਿਹੇ ਨੰਬਰ ਹੋਣ ਤਾਂ ਇਨਾਮ ਲਈ ਫੈਸਲਾ ਪਰਚਿਆਂ ਦੇ ਪੁਨਰ ਮੁਲਾਂਕਣ ਰਾਹੀ ਕੀਤਾ ਜਾਵੇਗਾ।

## ਰੋਲ ਆਫ਼ਆਨਰ(ਖੇਡਾਂ)

ਇਹ ਸਨਮਾਨ ਉਨ੍ਹਾਂ ਵਿਲੱਖਣ ਪ੍ਰਾਪਤੀ ਵਾਲੇ ਖਿਡਾਰੀਆਂ ਨੂੰ ਦਿੱਤਾ ਜਾਵੇਗਾ ਜਿਹਨਾਂ ਨੇ

1. ਪੰਜਾਬੀ ਯੂਨੀਵਰਸਿਟੀ ਜਾਂ ਰਾਜ ਪੱਧਰ ਦੀ ਕਪਤਾਨੀ ਕੀਤੀ ਹੋਵੇ |
2. ਸਰਬ ਭਾਰਤੀ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਸਬ,ਜੂਨੀਅਰ/ਜੂਨੀਅਰ/ਸੀਨੀਅਰ ਵਰਗ ਲਈ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਹੈਸੀਅਤ ਵਿੱਚ ਪਹਿਲਾਂ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।
3. ਸਰਬ ਭਾਰਤੀ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਮੈਚਾਂ ਵਿੱਚ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰਾਂ ਨੂੰ।

## ਕਾਲਜ ਕਲਰ (ਖੇਡਾਂ)

1. ਜਿਸ ਨੇ ਪੰਜਾਬੀ ਯੂਨੀਵਰਸਿਟੀ ਜਾਂ ਰਾਜ ਪੱਧਰ ਟੀਮ ਦੀ ਪ੍ਰਤੀਨਿਧਤਾ ਕੀਤੀ ਹੋਵੇ।
2. ਯੂਨੀਵਰਸਿਟੀ ਜਾਂ ਰਾਜ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਖਿਡਾਰੀ ਵਿਦਿਆਰਥੀ)।
3. ਕਾਲਜ ਦੀਆਂ ਸਲਾਨਾ ਖੇਡਾਂ ਦੌਰਾਨ ਸਰਬੋਤਮ ਘੋਸ਼ਿਤ ਕੀਤੇ ਜਾਣ ਵਾਲੇ ਖਿਡਾਰੀ(ਇੱਕ ਲੜਕੀ)
4. ਅੰਤਰ ਜ਼ੋਨ ਯੂਨੀਵਰਸਿਟੀ ਦੇ ਖੇਡ ਮੁਕਾਬਲੇ ਵਿੱਚ ਜੇਤੂ ਟੀਮ ਦੇ ਸਾਰੇ ਖਿਡਾਰੀ ਅਤੇ ਰਨਰਜ਼ਅੱਪ ਟੀਮਾਂ ਦੇ 50%।
5. ਯੂਨੀਵਰਸਿਟੀ ਜ਼ੋਨ ਜੇਤੂ ਟੀਮ ਚੋਂ 25% ਅਤੇ ਜ਼ੋਨ ਰਨਰਜ਼-ਅੱਪ ਚੋਂ ਇੱਕ ਸ਼ਰਤ ਹੈ ਕਿ ਟੀਮ ਨੇ ਘੱਟੋ ਘੱਟ ਦੋ ਮੈਚ ਜ਼ਰੂਰ ਖੇਡੇ ਹੋਣ।

## ਮੈਰਿਟਸਰਟੀਫਿਕੇਟ (ਖੇਡਾਂ)

1. ਜ਼ਿਲਾ ਪੱਧਰ ਤੇ ਪਹਿਲਾ, ਦੂਜਾ ਤੇ ਤੀਜਾ ਸਥਾਨ ਘੱਟੋ ਘੱਟ ਦੋ ਮੈਚ ਲਾਜ਼ਮੀ।
2. ਯੂਨੀਵਰਸਿਟੀ ਜ਼ੋਨ ਪੱਧਰ ਦੇ ਚੰਗਾ ਪ੍ਰਦਰਸ਼ਨ ਘੱਟੋ ਘੱਟ ਦੋ ਮੈਚ ਲਾਜ਼ਮੀ।

## ਰੋਲ ਆਫ਼ਆਨਰਐਨ.ਐਸ.ਐਸ

1. ਜਿਹਨਾਂ ਨੇ 3 ਸਾਲਾਂ ਦੌਰਾਨ 3 ਸੱਤ ਰੋਜ਼ਾ ਕੈਂਪ, 1 ਅੰਤਰ ਕਾਲਜ ਕੈਂਪਜਾਂ ਇਸ ਦੇ ਪੱਧਰ ਦਾ ਕੋਈ ਹੋਰ ਕੈਂਪ ਅਤੇ ਕਾਲਜ ਵਿਚ 3 ਸਾਲਾਂ ਦੌਰਾਨ 15 ਇੱਕ ਰੋਜਾ ਕੈਂਪਲਗਾਏ ਹੋਣ।
2. 3 ਵਾਰ ਖੂਨ ਦਾਨ ਕੀਤਾ ਹੋਵੇ ਜਾਂ ਹਸਪਤਾਲ ਵਿੱਚ ਬੇਸਹਾਰਾ ਮਰੀਜਾਂ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿਦਿਆ ਵਿਚ ਯੋਗਦਾਨ ਪਾਇਆ ਹੋਵੇ |
3. ਜਿਹਨਾ ਨੇ 26 ਜਨਵਰੀ ਨੂੰ ਦਿੱਲੀਵਿਖੇ ਗਣਤੰਤਰ ਦਿਵਸ ਪਰੇਡਵਿਚ ਪੰਜਾਬ ਰਾਜ ਦੀਐਨ.ਐਸ.ਸੀ. ਟੁਕੜੀ ਵਿੱਚ ਭਾਗ ਲਿਆਹੋਵੇ |

## ਕਾਲਜ ਕਲਰ ਐਨ,ਐਸ.ਐਸ

1. ਜਿਹਨਾਂ ਨੇ 3 ਸਾਲਾਂ ਦੌਰਾਨ, 3 ਸੱਤਰੋਜਾ ਕੈਂਪ ਅਤੇਅਤੇ ਕਾਲਜ ਵਿੱਚ 3 ਸਾਲਾਂ ਦੌਰਾਨ 15 ਇਕ ਰੋਜਾਕੈਂਪਲਗਾਏ ਹੋਣ |
2. 3 ਵਾਰ ਖੂਨ ਦਾਨ ਕੀਤਾ ਹੋਵੇ ਜਾਂ ਹਸਪਤਾਲ ਵਿੱਚ ਬੇਸਹਾਰਾ ਮਰੀਜਾ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿਦਿਆਵਿੱਚ ਯੋਗਦਾਨਪਾਇਆ ਹੋਵੇ
3. ਐਨ.ਐਸ.ਐਸ. ਕੈਂਪ ਵਿੱਚ ਲੀਡਰ ਦੀ ਭੂਮਿਕਾਨਿਭਾਈ ਹੋਵੇ ਅਤੇ ਕਾਲਜ ਦੇ ਸਮਾਰੋਹਾਂ ਨੂੰ ਸਫਲ ਬਨਾਓਣਵਿਚਅਹਿਮ ਯੋਗਦਾਨ ਪਾਇਆ ਹੋਵੇ|

## ਮੈਰਿਟਸਰਟੀਫਕਿਟ ਐੱਨ.ਐੱਸ.ਐੱਸ.ਆਨਰ

ਜਿਹਨਾਂ ਨੇ 07 ਰੋਜਾਂਕੈਂਪਾ ਅਤੇ 1 ਰੋਜਾ ਕੈਂਪ ਵਿੱਚ ਵਧੀਆ ਕਾਰਗੁਜਾਰੀ ਦਿਖਾਈ ਹੋਵੇ |

## ਸੱਭਿਆਚਾਰ ਸਨਮਾਨ ਰੋਲ ਆਫ ਆਨਰ

1. ਵਿਅਕਤੀਗਤ/ ਟੀਮ ਦੇ ਤੌਰ ਤੇ ਅੰਤਰ ਯੂਨੀਵਰਸਿਟੀ ਪੱਧਰ ਦੇ ਸਭਿਆਚਾਰਕ/ ਸਾਹਿਤਕ ਮੁਕਾਬਲਿਆ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀ ਟੀਮ ਦੇ ਸਾਰੇ ਮੈਬਰਾਂ ਨੂੰ ਰੋਲ ਆਫ ਆਨਰ ਪ੍ਰਦਾਨ ਕੀਤਾ ਜਾਵੇਗਾ|
2. ਪੰਜਾਬ ਸਰਕਾਰ ਦੇ ਰਾਜ-ਪੱਧਰ ਜਾਂ ਯੂਨੀਵਰਸਿਟੀ ਜਾਂ ਅੰਤਰ ਜੋਨਲ ਯੁਵਕ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਹਰ ਵਿਅਕਤੀਗਤ ਜੇਤੂ ਅਤੇ ਟੀਮ ਦੀ ਸੂਰਤ ਵਿਚ ਦੋ ਮੈਂਬਰਾਂ ਨੂੰ ਰੋਲ ਆਫ਼ ਆਨਰ ਦਿੱਤਾ ਜਾਵੇਗਾ |

ਕਾਲਜ ਕਲਰ: ਟੀਮ ਦੀ ਸੂਰਤ ਵਿੱਚ ਕਾਲਜ ਕਲਰ ਪ੍ਰਦਾਨ ਕਰਨ ਦੀ ਪ੍ਰਤੀਸ਼ਤ ਇਸ ਪ੍ਰਕਾਰ ਹੋਵੇਗੀ:-

ਅੰਤਰ ਜੋਨਲ ਜੇਤੂ : 100% ਅੰਤਰ ਜੋਨਲ ਸੈਕਿੰਡ:50%

ਜੋਨਲ ਜੇਤੂ :(ਚਾਰ) ਜੋਨਲਸੈਕਿੰਡ:2 (ਦੋ)

1. ਸਰਵੋਤਮ ਬੁਲਾਰੇ, ਲਿਖਾਰੀ ਅਤੇ ਗਾਇਕ ਲਈ ਇੱਕ ਇੱਕ ਕਾਲਜ ਕਲਰ ਦਿੱਤਾ ਜਾ ਸਕਦਾ ਹੈ |ਸਾਰੇ ਸੈਸ਼ਨ ਦੋਰਾਨ ਸਭ ਤੋਂ ਵੱਧ ਪ੍ਰਾਪਤੀਆਂ ਵਾਲੇ ਵਿਦਿਆਰਥੀ ਨੂੰ ਵਿਚਾਰਿਆ ਜਾਵੇਗਾ |

ਨੋਟ: ਰੋਲ ਆਫ ਆਨਰ, ਕਾਲਜ ਕਲਰ ਜਾਂ ਮੈਰਿਟਸਰਟੀਫਿਕੇਟ ਪ੍ਰਦਾਨ ਕਰਨ ਲਈ ਫੈਸਲਾ ਉਸ ਕਮੇਟੀ ਦੁਆਰਾ ਲਿਆ ਜਾਵੇਗਾ ਜੋ ਕਿ ਪ੍ਰਿੰਸੀਪਲ ਦੁਆਰਾ ਵਿਸ਼ੇਸ਼ ਤੌਰ ਤੇ ਗਠਿਤ ਕੀਤੀ ਜਾਵੇਗੀ | ਅਕਾਦਮਕਿ ਸੈਸ਼ਨ ਦੌਰਾਨ ਇਹਨਾਂ ਨਿਯਮਾਂ ਵਿੱਚਪਰੀਵਰਤਨ ਵੀ ਕੀਤਾ ਜਾ ਸਕਦਾ ਹੈ|

**ਦਾਖਲੇ ਦੀਆਂ ਮਿਤੀਆਂ ਅਤੇ ਸਥਾਨ: ਦਾਖਲਾ ਮਿਤੀ ਅਤੇ ਸਥਾਨ ਲਈ ਕਾਲਜ ਦੀ ਵੈਬਸਾਈਟ ਲਗਾਤਾਰ ਦੇਖਦੇ ਰਹੋ**

**---------- x ----------**